# Girls Hostel

ਸਥਾਪਿਤ: 1968

**NAAC Accredited B++**

## STAR STATUS AWARDEE

by Department of Biotechnology, Ministry of Science and Technology, New Delhi




ਸਨਮਤੀ ਸਰਕਾਰੀ ਵਿਗਿਆਨ ਅਤੇ ਖੋਜ ਕਾਲਜ,ਜਗਰਾਉਂ (ਲੁਧਿ.)

Sanmati Government College of Science Education & Research, Jagraon

(Ldh.) Pin Code 142026 ਫੋਨ ਨੰਬਰ:–. 01624-223242

**Affilated to Panjab University, Chandigarh**

Website:-www.gscjgn.org

Email:-gcsciencejagraon@gmail.com

## ❖ ਲੜਕੀਆਂ ਦੇ ਹੋਸਟਲ ਸਬੰਧੀ ਜ਼ਰੂਰੀ ਨੋਟ

1. ਹੋਸਟਲ ਦਾਖ਼ਲੇ ਲਈ ਵੱਖਰਾ ਫਾਰਮ ਭਰਨਾ ਜ਼ਰੂਰੀ ਹੈ, ਜੋ ਹੋਸਟਲ ਕਲਰਕ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।
2. ਕਾਲਜ ਵਿੱਚ ਦਾਖ਼ਲਾ ਮਿਲਣ ਦੀ ਸੂਰਤ ਵਿੱਚ ਜ਼ਰੂਰੀ ਨਹੀਂ ਕਿ ਹੋਸਟਲ ਵਿੱਚ ਵੀ ਦਾਖ਼ਲਾ ਮਿਲ ਜਾਵੇਗਾ ।

❖ **ਪ੍ਰਬੰਧਕੀ ਅਮਲਾ**:- ਹੋਸਟਲ ਦੇ ਸਮੁੱਚੇ ਪ੍ਰਬੰਧਾਂ ਦੀ ਦੇਖ ਰੇਖ ਹੋਸਟਲ ਵਾਰਡਨ ਦੁਆਰਾ ਅਤੇ ਪ੍ਰਿੰਸੀਪਲ ਦੇ ਆਦੇਸ਼ਾਂ ਅਨੁਸਾਰ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਕਾਲਜ ਦੇ ਟੀਚਿੰਗ ਸਟਾਫ ਵਿੱਚੋ ਇੱਕ ਹੋਸਟਲ ਕਮੇਟੀ ਦਾ ਵੀ ਗਠਨ ਕੀਤਾ ਜਾਂਦਾ ਹੈ ਜੋ ਸਮੇਂ ਸਮੇਂ ਸਿਰ ਹੋਸਟਲ ਦੇ ਪ੍ਰਬੰਧਾਂ ਨੂੰ ਹੋਰ ਵਧੇਰੇ ਸੰਚਾਰੂ ਬਣਾਉਣ ਲਈ ਆਪਣਾ ਯੋਗਦਾਨ ਦਿੰਦੀ ਹੈ। ਹੋਸਟਲ ਦਾ ਪ੍ਰਬੰਧਕੀ ਦਫਤਰ ਹੋਸਟਲ ਦੇ ਕੈਂਪਸ ਵਿੱਚ ਹੀ ਮੌਜੂਦ ਹੈ ਅਤੇ ਹੋਸਟਲ ਵਾਰਡਨ ਦੀ ਰਿਹਾਇਸ਼ ਹੋਸਟਲ ਦੇ ਵਿੱਚ ਹੀ ਹੈ।

## ❖ ਹੋਸਟਲ ਦੇ ਦਾਖ਼ਲੇ ਸਬੰਧੀ ਜ਼ਰੂਰੀ ਸ਼ਰਤਾਂ/ਹਦਾਇਤਾਂ ਅਤੇ ਜ਼ਰੂਰੀ ਪ੍ਰਮਾਣ ਪੱਤਰ

1. ਹੋਸਟਲ ਵਿੱਚ ਦਾਖ਼ਲਾ ਕੇਵਲ ਉੱਚੀ ਮੈਰਿਟ ਅਤੇ ਕਾਲਜ ਤੋਂ ਘਰ ਦੀ ਦੂਰੀ ਦੇ ਅਧਾਰ ਤੇ ਹੀ ਦਿੱਤਾ ਜਾਵੇਗਾ ।
2. ਲੜਕੀ ਦੇ ਮਾਤਾ ਅਤੇ ਪਿਤਾ ਦੋਨਾਂ ਦਾ ਦਾਖ਼ਲੇ ਸਮੇਂ ਲੜਕੀ ਦੇ ਨਾਲ ਆਉਣਾ ਅਤੀ ਜ਼ਰੂਰੀ ਹੈ ।
3. ਦਾਖ਼ਲਾ ਲੈਣ ਸਮੇਂ ਲੜਕੀ ਦੀਆਂ 5 ਫੋਟੋਆਂ ਦੇ ਨਾਲ-ਨਾਲ ਉਸਦੇ ਮਾਤਾ-ਪਿਤਾ ਅਤੇ ਉਸਨੂੰ ਮਿਲਣ ਵਾਲੇ ਰਿਸ਼ਤੇਦਾਰਾਂ ਦੀਆਂ ਫੋਟੋਆਂ ਦੀਆਂ 2 ਕਾਪੀਆਂ ਨਾਲ ਲਿਆਉਣੀਆਂ ਅਤੀ ਜ਼ਰੂਰੀ ਹੈ । ਸਾਰੀਆਂ ਫੋਟੋਆਂ ਮਾਤਾ-ਪਿਤਾ ਵੱਲੋਂ ਹੋਸਟਲ ਦਾਖ਼ਲਾ ਕਮੇਟੀ ਦੇ ਸਾਹਮਣੇ ਤਸਦੀਕ ਹੋਣੀਆਂ ਜ਼ਰੂਰੀ ਹਨ ।
4. ਹੋਸਟਲ ਵਿੱਚ ਦਾਖ਼ਲਾ ਲੈਣ ਲਈ ਲੜਕੀ ਸਰੀਰਕ ਅਤੇ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਤੰਦਰੁਸਤ ਹੋਣੀ ਚਾਹੀਦੀ ਹੈ । ਮੈਡੀਕਲ ਫਿਟਨੈਸ ਸਰਟੀਫਿਕੇਟ, ਦੀ ਰਿਪੋਰਟ ਲਗਾਈ ਜਾਵੇ ।
5. ਸਾਰੇ ਵਾਰਸ਼ਿਕ ਫੰਡ ਇੱਕ ਵਾਰ ਜਮ੍ਹਾਂ ਕਰਵਾ ਕੇ ਹੀ ਦਾਖ਼ਲਾ ਮਿਲੇਗਾ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਾਖ਼ਲਾ ਰੱਦ ਕੀਤਾ ਜਾਵੇਗਾ ।

## ❖ ਹੋਸਟਲ ਵਿੱਚ ਉਪਲੱਬਧ ਸਹੂਲਤਾਂ

1. ਵਿਦਿਆਰਥਣਾਂ ਲਈ ਮੈੱਸ, ਕੰਟੀਨ, ਟੱਕ ਸ਼ਾਪ, ਕਾਮਨ/ਰੀ-ਕਰੀਏਸ਼ਨ ਰੂਮ, ਸਿੱਕ ਰੂਮ, ਜਰਨੇਟਰ ਰੂਮ, ਰੀਡਿੰਗ ਰੂਮ ਅਤੇ ਦੋ-ਗੈਸਟ ਰੂਮ ਹਨ ।
2. ਵਿਦਿਆਰਥਣਾਂ ਲਈ ਹੋਸਟਲ ਵਿੱਚ ਵਾਟਰ ਕੂਲਰ ਸਮੇਤ ਆਰ.ਓ. ਸਿਸਟਮ, ਗੀਜ਼ਰ, ਵਾਸ਼ਿੰਗ ਮਸ਼ੀਨ, ਵਾਈ ਫਾਈ, ਇੰਨਡੋਰ ਗੇਮ ਆਦਿ ਸਹੂਲਤਾਂ ਉਪਲਬੱਧ ਹਨ ।
3. ਵਿਦਿਆਰਥਣਾਂ ਦੇ ਬਹੁਪੱਖੀ ਵਿਕਾਸ ਲਈ ਹੋਸਟਲ ਵਿੱਚ ਵਿਸ਼ੇਸ਼ ਤੌਰ ਤੇ ਬੈਡਮਿੰਟਨ ਕੋਰਟ ਅਤੇ ਵਾਲੀਬਾਲ ਗਰਾਊਂਡ ਉਪਲੱਬਧ ਹਨ ।
4. ਕਾਲਜ ਹੋਸਟਲ ਸੀ.ਸੀ.ਟੀ.ਵੀ. ਕੈਮਰੇ ਦੀ ਨਿਗਰਾਨੀ ਹੇਠ ਹੈ ।

## ❖ ਹੋਸਟਲ ਮੈੱਸ ਦੇ ਬਿੱਲ ਅਦਾਇਗੀ ਬਾਰੇ

ਹੋਸਟਲ ਮੈੱਸ ਦਾ ਖਾਣੇ ਦਾ ਬਿੱਲ ਸਾਰੇ ਮਹੀਨੇ ਦਾ ਲਿਆ ਜਾਵੇਗਾ ।ਛੋਟ ਸਿਰਫ ਹੇਠ ਲਿਖੇ ਅਨੁਸਾਰ ਹੀ ਮਿਲੇਗੀ **:-**

1. ਪੱਤਝੜ ਅਤੇ ਸਰਦੀਆਂ ਦੀਆਂ ਛੁੱਟੀਆਂ ਲਈ ।
2. ਸਰਕਾਰ ਜਾਂ ਕਾਲਜ ਅਧਿਕਾਰੀ ਵੱਲੋਂ ਹੋਸਟਲ ਸਰਕਾਰੀ ਤੌਰ ਤੇ ਬੰਦ ਕਰਨ ਤੇ ।
3. ਜਦੋਂ ਯੂਨੀਵਰਸਿਟੀ ਦੇ ਇਮਤਿਹਾਨ ਖ਼ਤਮ ਹੁੰਦੇ ਹਨ, ਵਿਦਿਆਰਥੀ ਨੂੰ ਆਪਣਾ ਆਖਰੀ ਪੇਪਰ ਖ਼ਤਮ ਹੋਣ ਤੱਕ ਮੈੱਸ ਚਾਰਜ ਦੇਣਾ ਪਵੇਗਾ ।ਕੋਈ ਵਿਦਿਆਰਥੀ ਜੇ ਕਿਸੇ ਹੋਰ ਕਾਰਣ ਹੋਸਟਲ ਛੱਡਦਾ ਹੈ ਤਾਂ ਉਸ ਨੂੰ ਮਹੀਨੇ ਦਾ ਪੂਰਾ ਮੈੱਸ ਚਾਰਜ ਦੇਣਾ ਪਵੇਗਾ ਅਤੇ ਇਸ ਸਬੰਧੀ ਪ੍ਰਵਾਨਗੀ ਕਾਲਜ ਅਧਿਕਾਰੀਆਂ ਤੋਂ ਲੈਣੀ ਪਵੇਗੀ ।

## ❖ ਹੋਸਟਲ ਬਾਰੇ ਜ਼ਰੂਰੀ ਨਿਰਦੇਸ਼

1. ਕਾਲਜ ਹੋਸਟਲ ਵਿੱਚ ਦਾਖ਼ਲਾ ਲੈਣ ਲਈ ਹਰੇਕ ਲੜਕੀ ਨੂੰ ਨਿਸ਼ਚਿਤ ਫਾਰਮ ਭਰ ਕੇ ਦੇਣਾ ਹੋਵੇਗਾ । ਦਾਖ਼ਲਾ ਲੈਣ ਸਮੇਂ ਲੜਕੀ ਦੇ ਮਾਪਿਆਂ ਵੱਲੋਂ ਉਨ੍ਹਾਂ ਵਿਅਕਤੀਆਂ ਦੀ ਸੂਚੀ ਅਤੇ ਉਨ੍ਹਾਂ ਦੀ ਮਾਤਾ-ਪਿਤਾ ਵੱਲੋਂ ਤਸਦੀਕਸ਼ੁਦਾ ਫੋਟੋ, ਜੋ ਲੜਕੀ ਨੂੰ ਹੋਸਟਲ ਵਿੱਚ ਮਿਲ ਸਕਦੇ ਹਨ ਜਾਂ ਘਰ ਲੈ ਕੇ ਜਾ ਸਕਦੇ ਹਨ, ਦੇਣੇ ਪੈਣਗੇ । ਕੇਵਲ ਸੂਚੀ ਵਿੱਚ ਦਿੱਤੇ ਵਿਅਕਤੀ ਨੂੰ ਹੀ ਕਾਲਜ ਸਮੇਂ ਤੋਂ ਬਾਅਦ ਲੜਕੀ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇਗੀ । ਇਸ ਸੂਚੀ ਅਤੇ ਫੋਟੋਆਂ ਤੋਂ ਬਿਨਾਂ ਕਿਸੇ ਲੜਕੀ ਨੂੰ ਹੋਸਟਲ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ । ਜੇਕਰ ਦੋ ਸਕੀਆਂ ਭੈਣਾਂ ਹੋਸਟਲ ਵਿੱਚ ਰਹਿ ਰਹੀਆਂ ਹੋਣ ਤਾਂ ਦੋਹਾਂ ਨੂੰ ਮਿਲਣ ਵਾਲਿਆਂ ਦੀ ਸੂਚੀ ਵਿੱਚ ਨਾਂ ਇੱਕ ਹੀ ਹੋਣੇ ਚਾਹੀਦੇ ਹਨ ।

2. ਹੋਸਟਲਰ ਲੜਕੀ 15 ਦਿਨ ਵਿੱਚ ਇੱਕ ਵਾਰ ਘਰ ਜਾ ਸਕਦੀ ਹੈ । ਹੋਸਟਲ ਤੋਂ ਆਪਣੇ ਘਰ ਜਾਂ ਸਰਪ੍ਰਸਤ ਦੇ ਘਰ ਜਾਣ ਦੀ ਛੁੱਟੀ ਲੈ ਕੇ ਗਈ। ਲੜਕੀ ਦੀ ਛੁੱਟੀ ਲੈਣ ਤੋਂ ਬਾਅਦ ਕਾਲਜ ਤੋਂ ਬਾਹਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ । ਬਗੈਰ ਛੁੱਟੀ ਲਏ ਹੋਸਟਲ ਵਿੱਚ ਗੈਰਹਾਜ਼ਰ ਪਾਈ ਲੜਕੀ ਦੇ ਮਾਤਾ-ਪਿਤਾ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ।

3. ਜਦੋਂ ਕਿਸੇ ਲੜਕੀ ਨੇ ਘਰ ਜਾਣਾ ਹੋਵੇ ਤਾਂ ਹੋਸਟਲ ਟਿਊਟਰ ਤੋਂ ਲੀਵ ਬੁੱਕ ਤੇ ਆਗਿਆ ਲੈਣਾ ਅਤੇ ਗੇਟ ਤੇ ਰੱਖੇ ਰਜਿਸਟਰ ਵਿੱਚ ਜਾਣ ਤੇ ਆਉਣ ਦਾ ਸਮਾਂ ਭਰ ਕੇ ਦਸਤਖ਼ਤ ਕਰਨੇ ਜ਼ਰੂਰੀ ਹਨ । ਲੜਕੀ ਦੇ ਘਰ ਜਾਣ ਉਪਰੰਤ ਮਾਤਾ-ਪਿਤਾ ਦਾ ਲੀਵ ਬੁੱਕ ਤੇ ਹਸਤਾਖਰ ਕਰਨਾ ਅਤੇ ਪਹੁੰਚਣ ਦਾ ਸਮਾਂ ਪਾਉਣਾ ਅਤੀ ਜ਼ਰੂਰੀ ਹੈ । ਘਰ ਤੋਂ ਚੱਲਣ ਦਾ ਸਮਾਂ ਵੀ ਲੀਵ ਬੁੱਕ ਤੇ ਪਾਇਆ ਜਾਵੇ ।

4. ਲੜਕੀ ਦੇ ਹੋਸਟਲ ਵਾਪਿਸ ਆਉਣ ਤੇ ਰਜਿਸਟਰ ਤੇ ਦਸਤਖ਼ਤ ਤੇ ਸਮਾਂ ਅਤੇ ਲੀਵ ਬੁੱਕ ਪੂਰੀ ਕਰਨੀ ਜ਼ਰੂਰੀ ਹੈ ।

5. ਹੋਸਟਲਰ ਲੜਕੀ ਨੂੰ ਕਾਲਜ ਤੋਂ ਬਾਹਰ ਜਾਣ ਦੀ ਆਗਿਆ ਨਹੀਂ, ਜੇਕਰ ਕੋਈ ਲੜਕੀ ਬਿਨਾ ਇਜ਼ਾਜ਼ਤ ਕਾਲਜ ਗੇਟ ਤੋਂ ਬਾਹਰ ਜਾਵੇਗੀ ਤਾਂ ਉਸਨੂੰ ਕਾਲਜ ਵਿੱਚੋਂ ਕੱਢਿਆ ਜਾ ਸਕਦਾ ਹੈ ।ਮਾਤਾ ਪਿਤਾ ਨੂੰ ਬੇਨਤੀ ਹੈ ਕਿ ਉਹ ਸਮੇ ਸਮੇ ਤੇ ਵਿਦਿਆਰਥੀ ਦਾ ਆਉਣ ਜਾਣ ਦਾ ਰਿਕਾਰਡ ਐਂਟਰੀ ਰਜਿਸਟਰ ਵਿੱਚ ਚੈੱਕ ਕਰਨ ਤੇ ਹਸਤਾਖਰ ਕਰਨ।

6. ਮਾਤਾ ਪਿਤਾ ਆਪਣੀ ਮਰਜੀ ਨਾਲ ਲੜਕੀ ਨੂੰ ਫੋਨ ਦੇ ਸਕਦੇ ਹਨ। ਇਹ ਫੋਨ ਸਾਧਾਰਨ ਹੋਣਾ ਚਾਹੀਦਾ ਹੈ।ਫੋਨ ਦੀ ਵਰਤੋ ਨਿਸ਼ਚਿਤ ਸਮੇ 7.00 pm ਤੋ 9.00 pm ਤੱਕ ਹੀ ਕੀਤੀ ਜਾਵੇ।ਫੋਨ ਦੀ ਦੁਰਵਰਤੋ ਕਰਨ ਤੇ ਲੜਕੀ ਨੂੰ ਹੋਸਟਲ ਅਤੇ ਕਾਲਜ ਵਿੱਚੋ ਕੱਢ ਦਿੱਤਾ ਜਾਵੇਗਾ।

7. ਲੀਵ ਬੁੱਕ ਗੁੰਮ ਹੋ ਜਾਣ ਦੀ ਸੂਰਤ ਵਿੱਚ ਲੀਵ ਬੁੱਕ ਦੀ ਕੀਮਤ ਜਮ੍ਹਾਂ ਕਰਾਕੇ ਆਪਣੇ ਟਿਊਟਰ ਤੋਂ ਨਵੀਂ ਲੀਵ ਬੁੱਕ ਲੈ ਸਕਦੇ ਹੋ । ਹੋਸਟਲਰ ਦੇ ਮਾਤਾ-ਪਿਤਾ ਨੂੰ ਕਾਲਜ ਆਕੇ ਸਾਰੇ ਦਸਤਖ਼ਤ ਹੋਸਟਲ ਟਿਊਟਰ ਦੇ ਸਾਹਮਣੇ ਲੀਵ ਬੁੱਕ ਅਤੇ ਹੋਸਟਲ ਰਜਿਸਟਰ ਵਿੱਚ ਕਰਨੇ ਪੈਣਗੇ । ਆਪਣਾ ਨਵਾਂ ਲੀਵ ਬੁੱਕ ਨੰ: ਨੋਟ ਕਰਾਉਣਾ ਅਤੀ ਜ਼ਰੂਰੀ ਹੈ ।

8. ਬੀਮਾਰ ਹੋਣ ਦੀ ਸੂਰਤ ਵਿੱਚ ਮੁੱਢਲੀ ਸਹਾਇਤਾ ਕਾਲਜ ਵਿੱਚ ਦਿੱਤੀ ਜਾਂਦੀ ਹੈ ।ਇਸ ਬਾਰੇ ਉਸਦੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਉਹ ਤੁਰੰਤ ਆ ਕੇ ਆਪਣੇ ਬੱਚੇ ਨੂੰ ਘਰ ਲੈ ਕੇ ਜਾਣ ਅਤੇ ਆਪਣੇ ਬੱਚੇ ਦੀ ਦੇਖ-ਰੇਖ ਆਪਣੀ ਨਿਗਰਾਨੀ ਹੇਠ ਕਰ ਸਕਣ ।

9. ਲੜਕੀ ਨੂੰ ਮਾਰਕੀਟ ਜਾਣ ਦੀ ਆਗਿਆ ਨਹੀਂ ਹੋਵੇਗੀ । ਜ਼ਰੂਰਤ ਦਾ ਸਾਰਾ ਸਮਾਨ ਜਿਵੇਂ ਕਿਤਾਬਾਂ, ਰਜਿਸਟਰ, ਬਿਸਤਰਾ, ਬਾਲਟੀ, ਮੱਗ, ਤਾਲਾ,ਬਰਤਨ (ਗਲਾਸ, ਪਲੇਟ ਆਦਿ) ਅਤੇ ਸਾਧਾਰਨ ਦਵਾਈਆਂ (ਕਿਸੇ ਡਾਕਟਰ ਦੀ ਸਲਾਹ ਨਾਲ) ਜੋ ਲੜਕੀ ਲੋੜ ਪੈਣ ਤੇ ਲੈ ਸਕਦੀ ਹੈ, ਨਾਲ ਦਿੱਤਾ ਜਾਵੇ ।

10. ਮਾਪੇ ਜਾਂ ਲੋਕਲ ਸਰਪ੍ਰਸਤ ਹੋਸਟਲਰ ਲੜਕੀ ਨੂੰ 3.00 pm ਤੋਂ 5.00 pm ਦੇ ਵਿੱਚ ਮਿਲ ਸਕਦੇ ਹਨ । ਸਾਰੇ ਰਿਸ਼ਤੇਦਾਰ ਜੋ ਮਿਲਣ ਆਉਂਦੇ ਹਨ, ਉਹ ਰਜਿਸਟਰ ਵਿੱਚ ਦਸਤਖ਼ਤ ਜ਼ਰੂਰ ਕਰਨ, ਜਿਸ ਵਿੱਚ ਆਉਣ ਜਾਣ ਦਾ ਸਮਾਂ ਦਰਜ਼ ਹੋਵੇ । ਮਿਲਣ ਆਉਣ ਵਾਲੇ ਦੇ ਚੰਗੇ ਵਿਹਾਰ ਦੀ ਜ਼ਿੰਮੇਵਾਰ ਉਹ ਵਿਦਿਆਰਥਣ ਹੋਵੇਗੀ ਜਿਸ ਨੂੰ ਉਹ ਮਿਲਣ ਆਇਆ ਹੈ । ਨਸ਼ਾ ਕਰਕੇ ਆਉਣ ਵਾਲੇ ਵਿਜ਼ਿਟਰ ਨੂੰ ਕਿਸੇ ਵੀ ਲੜਕੀ ਨੂੰ ਮਿਲਣ ਨਹੀਂ ਦਿੱਤਾ ਜਾਵੇਗਾ ।

11. ਕੋਈ ਵੀ ਮਿਲਣ ਵਾਲਾ ਰਾਤ ਨੂੰ ਕਾਲਜ ਹੋਸਟਲ ਵਿੱਚ ਨਹੀਂ ਰਹਿ ਸਕਦਾ । ਮਿਲਣ ਵਾਲੇ ਆਪਣੇ ਬੱਚੇ ਨੂੰ ਕੇਵਲ ਗੈਸਟ ਰੂਮ ਵਿੱਚ ਹੀ ਮਿਲ ਸਕਦੇ ਹਨ । ਵਿਦਿਆਰਥਣ ਦੇ ਕਮਰੇ ਵਿੱਚ ਜਾਣ ਦੀ ਆਗਿਆ ਨਹੀਂ ਹੈ ।

12. ਹੋਸਟਲ ਦੀਆਂ ਲੜਕੀਆਂ ਛੁੱਟੀਆਂ ਤੋਂ ਬਾਅਦ ਕਾਲਜ ਖੁੱਲ੍ਹਣ ਤੋਂ ਇੱਕ ਦਿਨ ਪਹਿਲਾਂ ਹੋਸਟਲ ਵਿੱਚ ਆ ਜਾਣੀਆਂ ਚਾਹੀਦੀਆਂ ਹਨ । ਜੇ ਕੋਈ ਲੜਕੀ ਹੋਸਟਲ ਵਿੱਚ ਬਿਨ੍ਹਾਂ ਆਗਿਆ ਤੋਂ ਗੈਰ ਹਾਜ਼ਰ ਹੋਈ ਤਾਂ ਉਹ ਹੋਸਟਲ ਵਿੱਚ ਰਹਿਣ ਦੀ ਹੱਕਦਾਰ ਨਹੀਂ ਹੋਵੇਗੀ ।

13. ਸਾਰੀਆਂ ਲੜਕੀਆਂ ਹਾਜ਼ਰੀ ਦੇ ਮਿੱਥੇ ਸਮੇਂ ਖੁਦ ਹਾਜਰ ਹੋ ਕੇ ਹੋਸਟਲ ਵਿੱਚ ਹਾਜਰੀ ਲਗਵਾਉਣਗੀਆਂ ਅਤੇ ਹਾਜ਼ਰੀ ਪਿੱਛੋਂ ਕਿਸੇ ਨੂੰ ਬਾਹਰ ਜਾਣ ਦੀ ਇਜ਼ਾਜ਼ਤ ਨਹੀਂ ਹੋਵੇਗੀ ।

14. ਹਰ ਰੂਮ ਦੇ ਬੱਚੇ ਨੂੰ ਮੰਜੇ, ਕੁਰਸੀਆਂ ਅਤੇ ਮੇਜ ਇਸ਼ੂ ਕਰ ਦਿੱਤੇ ਜਾਣਗੇ । ਜੇਕਰ ਕਿਸੇ ਵੀ ਵਿਦਿਆਰਥੀ ਦਾ ਫਰਨੀਚਰ Lawn ਵਿੱਚ ਜਾਂ ਕਮਰੇ ਤੋਂ ਬਾਹਰ ਪਾਇਆ ਗਿਆ ਤਾਂ ਪੂਰਾ ਸੈਸ਼ਨ ਫਿਰ ਫਰਨੀਚਰ ਨਹੀਂ ਮਿਲੇਗਾ ।

15. ਪਤੇ/ਫੋਨ ਨੰਬਰ ਵਿੱਚ ਕਿਸੇ ਵੀ ਤਬਦੀਲੀ ਦੀ ਸੂਰਤ ਵਿੱਚ ਤੁਰੰਤ ਕਾਲਜ ਦਫਤਰ ਅਤੇ ਲੀਵ ਬੁੱਕ ਤੇ ਮਾਤਾ-ਪਿਤਾ ਖੁਦ ਆ ਕੇ ਬਦਲਕੇ ਜਾਣਗੇ ਤਾਂ ਜੋ ਲੋੜ ਪੈਣ ਤੇ ਆਪ ਜੀ ਨੂੰ ਹਰ ਸੂਚਨਾ ਦੇ ਦਿੱਤੀ ਜਾ ਸਕੇ ।

16. ਕਈ ਵਾਰ ਵੋਲਟੇਜ਼ ਘੱਟ ਹੋਣ ਤੇ ਕਮਰਿਆਂ ਦੀਆਂ ਟਿਊਬਾਂ ਨਹੀਂ ਜਗਦੀਆਂ । ਆਪਣੇ ਰੂਮ ਲਈ CFL /LED ਬਲਬ ਲਿਆਉਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ ।

17. ਜੇਕਰ ਕੋਈ ਲੜਕੀ ਕਿਸੇ ਹੋਰ ਵਿਦਿਆਰਥੀ ਦੇ, ਮਾਤਾ-ਪਿਤਾ ਜਾਂ ਹੋਸਟਲ ਟਿਊਟਰ ਦੇ ਜਾਅਲੀ ਹਸਤਾਖਰ ਕਰਦੀ ਹੈ ਤਾਂ ਉਸਨੂੰ ਹੋਸਟਲ ਤੋਂ ਕੱਢ ਦਿੱਤਾ ਜਾਵੇਗਾ ।

18. ਕੋਈ ਲੜਕੀ ਕਿਸੇ ਦੂਸਰੀ ਲੜਕੀ ਦੇ ਕਮਰੇ ਵਿੱਚ ਰਾਤ 10 ਵਜੇ ਤੋਂ ਬਾਅਦ ਨਹੀਂ ਜਾ ਸਕਦੀ ਹੈ ।

19. ਕੋਈ ਵੀ ਨਕਦੀ ਜਾਂ ਕੀਮਤੀ ਗਹਿਣੇ ਹੋਸਟਲ ਵਿੱਚ ਰੱਖਣ ਦੀ ਆਗਿਆ ਨਹੀਂ ਹੈ । ਆਪਣਾ ਮੈੱਸ ਬਿੱਲ/ਹੋਰ ਨਕਦ ਨੂੰ ਸੰਭਾਲ ਕੇ ਰੱਖਣ ਦੀ ਜ਼ਿੰਮੇਵਾਰੀ ਲੜਕੀ ਦੀ ਆਪਣੀ ਹੋਵੇਗੀ।ਨਕਦੀ ਅਤੇ ਕੀਮਤੀ ਸਮਾਨ ਨੂੰ ਤਾਲੇ ਵਾਲੇ ਅਟੈਚੀ ਵਿੱਚ ਹੀ ਰੱਖਿਆ ਜਾਵੇ।

20. ਮੈੱਸ ਵਿੱਚ ਕੇਵਲ ਸ਼ਾਕਾਹਾਰੀ ਖਾਣਾ ਹੀ ਦਿੱਤਾ ਜਾਵੇਗਾ ।

21. ਲੜਕੀਆਂ ਆਪਣਾ ਖਾਣਾ ਹੋਸਟਲ ਦੀ ਮੈੱਸ ਵਿੱਚ ਹੀ ਖਾਣਗੀਆਂ ਅਤੇ ਮੈੱਸ ਦਾ ਕੋਈ ਵੀ ਬਰਤਨ ਮੈੱਸ ਤੋਂ ਬਾਹਰ ਨਹੀਂ ਲੈ ਕੇ ਜਾਣਗੀਆਂ । ਲੋੜ ਪੈਣ ਤੇ ਲੜਕੀਆਂ ਆਪਣੇ ਹੀ ਬਰਤਨਾਂ ਵਿੱਚ ਖਾਣਾ ਜਾਂ ਚਾਹ ਲਿਜਾ ਸਕਦੀਆਂ ਹਨ । ਮੈੱਸ ਦੇ ਖਾਣੇ ਦਾ ਮੀਨੂ ਹੋਸਟਲ ਸਲਾਹਕਾਰ ਕਮੇਟੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਇਸ ਵਿੱਚ ਤਿੰਨ ਵਿਦਿਆਰਥੀ ਨੁਮਾਇੰਦੇ ਹੋਣਗੇ ।

22. ਹੋਸਟਲ ਮੈੱਸ ਵਿੱਚ ਗੈਰ ਸੱਭਿਆਚਾਰਕ ਪਹਿਰਾਵਾ ਪਹਿਨਣ ਦੀ ਸਖ਼ਤ ਮਨਾਹੀ ਹੈ ।ਲੜਕੀਆਂ ਲਈ ਮੈੱਸ ਵਿੱਚ ਖਾਣਾ ਖਾਣ ਸਮੇਂ ਸਹੀ ਪਹਿਰਾਵੇ ਵਿੱਚ ਆਉਣਾ ਲਾਜ਼ਮੀ ਹੈ।ਮੈੱਸ ਵਿੱਚ ਸ਼ਾਰਟਸ ਅਤੇ ਕੈਪਰੀਆਂ ਪਾ ਕੇ ਆਉਣ ਦੀ ਸਖਤ ਮਨਾਹੀ ਹੈ।

23. ਹੋਸਟਲ ਮੈੱਸ ਦੇ ਜੋ ਨਿਯਮ ਬਣਾਏ ਜਾਣਗੇ ਉਸਦੇ ਮੁਤਾਬਕ ਲੜਕੀਆਂ ਨੂੰ ਪੇਮੈਂਟ ਕਰਨੀ ਹੋਵੇਗੀ ।

24. ਲੜਕੀਆਂ ਮੈੱਸ ਦੇ ਖਰਚੇ ਸਮੇਂ ਸਿਰ ਦੇਣਗੀਆਂ , 15 ਦਿਨਾਂ ਤੱਕ ਵੀ ਪੇਮੈਂਟ ਨਾ ਕਰਨ ਵਾਲੀ ਲੜਕੀ ਨੂੰ ਮੈੱਸ ਵਿੱਚੋਂ ਖਾਣਾ ਨਹੀਂ ਦਿੱਤਾ ਜਾਵੇਗਾ ।

25. ਲੜਕੀਆਂ ਨੂੰ ਕਿਸੇ ਤਰ੍ਹਾਂ ਦਾ ਬਿਜਲੀ ਦਾ ਸਮਾਨ ਜਿਵੇਂ ਹੀਟਰ, ਪ੍ਰੈਸ, ਰੇਡੀਓ, ਬਲਿਊਟੁੱਥ ਸਪੀਕਰਜ਼, ਇਲੈਕਟ੍ਰਿਕ ਕੈਟਲ ਆਦਿ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ ।

26. ਟੀ.ਵੀ ਸਿਰਫ ਮਿੱਥੇ ਸਮੇ ਤੇ ਹੀ ਚੱਲੇਗਾ।ਟੀ.ਵੀ ਚਲਾਉਣ ਦਾ ਸਮਾਂ 7.00 pm ਤੋ 9.00 pm ਤੱਕ ਦਾ ਹੀ ਹੋਵੇਗਾ ਅਤੇ ਇਮਤਿਹਾਨਾਂ ਦੇ ਦਿਨਾਂ ਵਿੱਚ ਇਹ ਟੀ.ਵੀ. ਬੰਦ ਰਹੇਗਾ।

27. ਬਿਜਲੀ ਜਾਂ ਪਾਣੀ ਦੀ ਵਿਅਰਥ ਵਰਤੋਂ ਦੀ ਇਜਾਜ਼ਤ ਨਹੀਂ ਹੈ ।

28. ਹੋਸਟਲ ਦੀ ਕਿਸੇ ਚੀਜ਼ ਦਾ ਲੜਕੀ ਵੱਲੋਂ ਕੀਤਾ ਨੁਕਸਾਨ ਸਬੰਧਿਤ ਲੜਕੀ ਨੂੰ ਭਰਨਾ ਪਵੇਗਾ ਅਤੇ ਇਸ ਨੁਕਸਾਨ ਦੀ ਸਜ਼ਾ ਵੀ ਦਿੱਤੀ ਜਾਵੇਗੀ ।

29. ਹੋਸਟਲ ਵਿੱਚ ਨਸ਼ੀਲੀਆਂ ਦਵਾਈਆਂ/ਵਸਤੂਆਂ ਤੇ ਹਥਿਆਰ ਰੱਖਣ ਦੀ ਪੂਰੀ ਮਨਾਹੀ ਹੈ । ਅਜਿਹਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਅਤੇ ਉਸ ਦੇ ਅਨੈਤਿਕ ਆਚਰਣ ਦਾ ਕੇਸ ਪੁਲਿਸ ਨੂੰ ਸੌਂਪ ਦਿੱਤਾ ਜਾਵੇਗਾ ।

30. ਕਿਸੇ ਵੀ ਲੜਕੀ ਨੂੰ ਹੋਸਟਲ ਤੋਂ ਕਿਸੇ ਵੀ ਹੋਸਟਲਰ ਜਾਂ ਸਹਿਪਾਠੀ ਜਾਂ ਕਿਸੇ ਹੋਰ ਰਿਸ਼ਤੇਦਾਰ ਦੇ ਘਰ ਜਾਣ ਦੀ ਆਗਿਆ ਨਹੀਂ ਹੋਵੇਗੀ ।

31. ਹੋਸਟਲ ਵਿੱਚ ਸਕੂਟਰ/ਮੋਪਿਡ/ਸਾਈਕਲ ਰੱਖਣ ਦਾ ਕਿਸੇ ਤਰ੍ਹਾਂ ਦਾ ਕੋਈ ਪ੍ਰਬੰਧ ਨਹੀਂ ਹੈ ।

32. ਹੋਸਟਲਰ ਨੂੰ ਟਿਊਸ਼ਨ ਪੜ੍ਹਨ ਲਈ ਕਾਲਜ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੈ ।

33. ਕਾਲਜ ਵਿੱਚ ਰਹਿਣ ਵਾਲੀਆਂ ਲੜਕੀਆਂ ਦੇ ਪੱਤਰ, ਪੈਕੱਟ, ਮਨੀਆਰਡਰ ਆਦਿ ਹੋਸਟਲ ਸੁਪਰਡੈਂਟ ਦੁਆਰਾ ਭੇਜੇ ਜਾਣਗੇ ਅਤੇ ਇਹ ਉਹਨਾਂ ਨੂੰ ਖੋਲ੍ਹ ਸਕਦੇ ਹਨ । ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਲੜਕੀਆਂ ਨੂੰ ਸਿੱਧੇ ਤੌਰ ਤੇ ਰਜਿਸਟਰਡ ਚਿੱਠੀਆਂ ਜਾਂ ਪਾਰਸਲ ਨਾ ਭੇਜਣ ।

34. ਜਿਹੜੀ ਵਿਦਿਆਰਥਣ ਹੋਸਟਲ ਛੱਡਣਾ ਚਾਹੁੰਦੀ ਹੈ, ਉਸਨੂੰ ਨਿਰਧਾਰਤ ਫਾਰਮ ਤੇ ਮਾਪਿਆਂ/ਸਰਪ੍ਰਸਤ, ਟਿਊਟਰ ਅਤੇ ਹੋਸਟਲ ਵਾਰਡਨ/ ਸੁਪਰਡੈਂਟ ਦੀ ਆਗਿਆ ਨਾਲ ਬਿਨੈ-ਪੱਤਰ ਦੇਣਾ ਹੋਵੇਗਾ ।

35. ਘਰ ਜਾਣ ਵੇਲੇ ਹੋਸਟਲ ਟਿਊਟਰ ਤੋ ਛੁੱਟੀ 1.30 ਵਜੇ ਤੋ ਪਹਿਲਾ ਹਰ ਹਾਲਤ ਵਿੱਚ ਲੈਣੀ ਜਰੂਰੀ ਹੋਵੇਗੀ।

36. ਸ਼ਾਮ ਨੂੰ ਪ੍ਰੈਕਲੀਕਲ ਕਲਾਸ ਖਤਮ ਹੋਣ ਤੋ ਬਾਅਦ ਕੰਨਟੀਨ ਜਾਂ ਰਸਤੇ ਵਿੱਚ ਨਾ ਰੁਕ ਕੇ ਲੜਕੀਆਂ ਸਿੱਧਾ ਹੋਸਟਲ ਆਉਣਗੀਆਂ।

37. ਸੀ.ਸੀ.ਟੀ.ਵੀ ਕੈਮਰੇ ਦੀ ਫੁਟੇਜ਼ ਹਰ ਰੋਜ ਚੈੱਕ ਹੋਵੇਗੀ ਅਤੇ ਕੋਈ ਵੀ ਲੜਕੀ ਹੋਸਟਲ ਵਿੱਚ ਸ਼ਰਾਰਤ ਕਰਦੀ ਪਾਈ ਗਈ ਤਾਂ ਉਸਦੇ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

# Facilities/Activities



























